ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ)ਪੰਜਾਬ,ਐਸ.ਏ.ਐਸ.ਨਗਰ।
(ਕੰਪਲੈਕਸ ਪੰ.ਸ.ਸਿ.ਬੋਰਡ,ਚੌਥੀ ਮੰਜਿਲ,ਈ ਬਲਾਕ)
(ਸਪੈਸ਼ਲ ਸੈਲ)

ਹੁਕਮ ਨੰ: 10/211-15 ਅ-3/ਸ.ਸੈਲ(6)
ਮਿਤੀ ਐਸ.ਏ.ਐਸ ਨਗਰ:: 15-1-2019

ਸ਼੍ਰੀਮਤੀ ਸ਼ਵੇਤਾ ਕੁਮਾਰੀ,ਸਸ ਮਿਸਟਰੈਸ,ਸਗਮਿਸ,ਤਲਵਾੜਾ(ਹੁਸ਼ਿਆਰਪੁਰ) ਵਿਰੁੱਧ ਦਫਤਰ ਦੇ ਹੁਕਮ ਨੰ: 10/211-15ਅ3(2)ਮਿਤੀ 15-6-16 ਰਾਹੀਂ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਇਸ ਦੋਸ ਸੂਚੀ ਵਿੱਚ ਲਗਾਏ ਦੋਸ਼ਾਂ ਦੀ ਸਚਾਈ ਜਾਨਣ ਲਈ ਜਿਲ੍ਹਾ ਸਿੱਖਿਆ ਅਫਸਰ(ਸੈਸਿ) ਹੁਸ਼ਿਆਰਪੁਰ ਨੂੰ ਪੜਤਾਲੀਆ ਅਫਸਰ ਤੇ ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈਸਿ) ਹੁਸ਼ਿਆਰਪੁਰ ਦੇ ਡੀਲਿੰਗ ਸਹਾਇਕ ਨੂੰ ਪੇਸ਼ੀ ਅਫਸਰ ਲਗਾਇਆ ਜਾਂਦਾ ਹੈ। ਪੜਤਾਲੀਆ ਅਫਸਰ ਇਸ ਕੇਸ ਦੀ ਪੜਤਾਲ ਇੱਕ ਮਹੀਨੇ ਦੇ ਅੰਦਰ-2 ਪੇਸ਼ ਕਰਨਗੇ।

ਸੁਖਜੀਤ ਪਾਲ ਸਿੰਘ, ਪੀ.ਸੀ.ਐਸ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ

ਪਿੰਠ ਅੰਕਣ ਨੰ: ਉਕਤ ੨੫੩੬੭ ਮਿਤੀ ਐਸ.ਏ.ਐਸ ਨਗਰ:-੨੧|੧|੧੯
ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1) ਜਿਲਾ ਸਿੱਖਿਆ ਅਫਸਰ (ਸੈ.ਸਿ:) ਹੁਸ਼ਿਆਰਪੁਰ ਕਮ ਪੜਤਾਲੀਆ ਅਫਸਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਇਸ ਕੇਸ ਦੀ ਪੜਤਾਲ ਇੱਕ ਮਹੀਨੇ ਦੇ ਅੰਦਰ-2 ਪੇਸ਼ ਕਰਨਗੇ।
2 ਸਬੰਧਤ ਸਕੂਲ ਮੁਖੀ।
3. ਸਬੰਧਤ ਕਰਮਚਾਰਨ।

ਸਹਾਇਕ ਡਾਇਰੈਕਟਰ(ਸ.ਸੈਲ)

-69-

ਦਫਤਰ ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪੱਤਰ ਨੰ: 10/211-2015 ਅਮਲਾ-3 (4)
ਮਿਤੀ, ਸਅਸ ਨਗਰ: 6-6-2016

<u>ਦੋਸ਼ ਸੂਚੀ</u>

ਸ਼੍ਰੀਮਤੀ ਸ਼ਵੇਤਾ ਕੁਮਾਰੀ, ਸਸ ਮਿਸਟ੍ਰੈਸ, ਸਮਿਸ(ਕੰ) ਤਲਵਾੜਾ ਕੰਪ: ਸਸਸਸ ਤਲਵਾੜਾ-3 (ਹੁਸ਼ਿਆਰਪੁਰ) ਨੂੰ ਇਸ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਦੇ ਵਿਰੁੱਧ ਪੰਜਾਬ ਸਿਵਲ ਸੇਵਾ (ਸਜਾ ਅਤੇ ਅਪੀਲ) ਨਿਯਮਾਵਲੀ, 1970 ਦੀ ਧਾਰਾ 8 ਦੇ ਨਿਯਮ (V ਤੋਂ IX)ਅਧੀਨ, ਇਸ ਪੱਤਰ ਨਾਲ ਨੱਥੀ ਦੋਸ਼ ਵਿਵਰਣ ਵਿੱਚ ਦਰਸਾਏ ਦੋਸ਼ਾਂ ਸੰਬੰਧੀ ਕਾਰਵਾਈ ਕਰਨ ਦੀ ਤਜਵੀਜ ਹੈ ।

2. ਕਰਮਚਾਰਨ ਨੂੰ ਇਸ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸ ਪੱਤਰ ਦੀ ਪ੍ਰਾਪਤੀ ਤੋਂ 21 ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿੱਚ ਦੱਸੇ ਕਿ ਉਹ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਜਾਂ ਕਿਸੇ ਦੋਸ਼ ਨੂੰ ਮੰਨਦਾ ਹੈ ਜਾਂ ਇਸ ਬਾਰੇ ਕੋਈ ਜਵਾਬ ਪੇਸ਼ ਕਰਨਾ ਚਾਹੁੰਦਾਂ ਹੈ ।

3. ਉਸ ਨੂੰ ਇਸ ਪੱਤਰ ਰਾਹੀਂ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹ ਆਪਣਾ ਲਿਖਤੀ ਜਵਾਬ ਤਿਆਰ ਕਰਨ ਲਈ ਕੋਈ ਰਿਕਾਰਡ ਵੇਖਣਾ ਚਾਹੇ ਤਾਂ ਉਹ ਇਸ ਦਫਤਰ ਵਿੱਚ ਸਹਾਇਕ ਡਾਇਰੈਕਟਰ (ਸ.ਪ੍ਰ-3) ਕੋਲ, ਇਸ ਪੱਤਰ ਦੀ ਪ੍ਰਾਪਤੀ ਤੋਂ ਇੱਕ ਹਫਤੇ ਦੇ ਅੰਦਰ ਅੰਦਰ ਅਜਿਹਾ ਕਰ ਸਕਦਾਂ ਹੈ , ਪਰੰਤੂ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਉਸ ਨੂੰ ਕੇਵਲ ਉਹੀ ਰਿਕਾਰਡ ਵਿਖਾਇਆ ਜਾਵੇਗਾ ਜੋ ਉਪਰੋਕਤ ਅਧਿਕਾਰੀ ਦੇ ਦਫਤਰ ਵਿੱਚ ਉਪਲਭਧ ਹੋਵੇਗਾ ਅਤੇ ਜਿਸ ਦਾ ਸਿੱਧਾ ਸੰਬੰਧ ਉਸ ਵਿਰੁੱਧ ਲੱਗੇ ਦੋਸ਼ਾਂ ਨਾਲ ਹੋਵੇਗਾ । ਜੇਕਰ ਉਕਤ ਅਧਿਕਾਰੀ ਦੀ ਰਾਏ ਵਿੱਚ ਕੋਈ ਰਿਕਾਰਡ ਵਿਖਾਉਣਾ ਲੋਕ ਹਿਤ ਵਿੱਚ ਨਹੀਂ ਹੋਵੇਗਾ ਤਾਂ ਅਜਿਹਾ ਰਿਕਾਰਡ ਵਿਖਾਉਣ ਤੋਂ ਨਾਂਹ ਕੀਤੀ ਜਾ ਸਕਦੀ ਹੈ । ਜੇਕਰ ਕੋਈ ਹੋਰ ਰਿਕਾਰਡ, ਜੋ ਉਕਤ ਅਧਿਕਾਰੀ ਦੇ ਦਫਤਰ ਵਿੱਚ ਉਪਲਬਧ ਨਾ ਹੋਵੇ, ਵੇਖਣਾ ਚਾਹੇ ਤਾਂ ਅਜਿਹੇ ਰਿਕਾਰਡ ਨੂੰ ਵੇਖਣ ਦਾ ਪ੍ਰਬੰਧ ਉਸ ਨੂੰ ਆਪ ਕਰਨਾ ਹੋਵੇਗਾ । ਐਪਰ, ਉਸ ਦਾ ਸੰਬੰਧਤ ਰਿਕਾਰਡ ਨੂੰ ਨਾ ਵੇਖਣਾ, ਉਸ ਦੇ ਲਿਖਤੀ ਜਵਾਬ ਦੇਰ ਨਾਲ ਦੇਣ ਦਾ ਯੋਗ ਕਾਰਨ ਨਹੀਂ ਮੰਨਿਆ ਜਾਵੇਗਾ।ਲਿਖਤੀ ਜਵਾਬ, ਜੇਕਰ ਕੋਈ ਹੋਵੇ, ਨਿਸ਼ਚਿਤ ਸਮੇਂ ਅੰਦਰ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਵਿਰੁੱਧ ਲੱਗੇ ਦੋਸ਼ਾਂ ਨੂੰ ਮੰਨਦਾਂ ਹੈ, ਅਤੇ ਆਪਣੀ ਸਫਾਈ ਵਿੱਚ ਕੁਝ ਨਹੀਂ ਕਹਿਣਾ ਚਾਹੁੰਦਾਂ ਅਤੇ ਕੇਸ ਦਾ ਫੈਸਲਾ ਗੁਣ-ਦੋਸ਼ਾਂ ਦੇ ਅਧਾਰ ਤੇ ਕਰ ਦਿੱਤਾ ਜਾਵੇਗਾ । ਜੇਕਰ ਉਹ ਆਪਣੀ ਸਫਾਈ ਵਿੱਚ ਕੋਈ ਜਵਾਬ ਦੇਣਾ ਚਾਹੁੰਦਾਂ ਹੈ ਤਾਂ ਅਜਿਹਾ ਜਵਾਬ ਲਿਖਤੀ ਤੋਰ ਤੇ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਰਾਹੀਂ ਸਹੀ ਕਰਤਾ ਨੂੰ, ਇਸ ਪੱਤਰ ਦੀ ਪ੍ਰਾਪਤੀ ਦੇ 21 ਦਿਨਾਂ ਦੇ ਅੰਦਰ ਅੰਦਰ ਭੇਜਿਆ ਜਾਵੇ ਅਤੇ ਦਿੱਤੇ ਗਏ ਜਵਾਬ ਦੀ ਇੱਕ ਕਾਪੀ ਸਿੱਧੇ ਤੋਰ ਤੇ ਸਹੀ ਕਰਤਾ ਨੂੰ ਭੇਜੀ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਬਲਬੀਰ ਸਿੰਘ ਢੋਲ
ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਰਜਿ: ਸ਼੍ਰੀਮਤੀ ਸ਼ਵੇਤਾ ਕੁਮਾਰੀ, ਸਸ ਮਿਸਟ੍ਰੈਸ,
ਸਮਿਸ(ਕੰ) ਤਲਵਾੜਾ ਕੰਪ: ਸਸਸਸ ਤਲਵਾੜਾ-3
(ਹੁਸ਼ਿਆਰਪੁਰ)।

ਪਿੱਠ ਅੰਕਣ ਨੰ: ਉਕਤ

ਮਿਤੀ, ਸਅਸ ਨਗਰ: 15-6-2016

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ :

1. ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਅੰਮ੍ਰਿਤਸਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਸ਼੍ਰੀਮਤੀ ਸ਼ਵੇਤਾ ਕੁਮਾਰੀ, ਸਸ ਮਿਸਟ੍ਰੈਸ, ਸਮਿਸ(ਕੰ) ਤਲਵਾੜਾ ਕੰਪ: ਸਸਸਸ ਤਲਵਾੜਾ-3 (ਹੁਸ਼ਿਆਰਪੁਰ) ਤੋਂ ਨਿਸ਼ਚਿਤ ਸਮੇਂ ਅੰਦਰ ਜਵਾਬ ਪ੍ਰਾਪਤ ਕਰਕੇ ਆਪਣੀ ਟਿੱਪਣੀ ਸਹਿਤ ਇਸ ਦਫਤਰ ਨੂੰ ਭੇਜਿਆ ਜਾਵੇ ।
2. ਪ੍ਰਿੰਸੀਪਲ/ਮੁੱਖ ਅਧਿਆਪਕ ਸਮਿਸ(ਕੰ) ਤਲਵਾੜਾ ਕੰਪ: ਸਸਸਸ ਤਲਵਾੜਾ-3 (ਹੁਸ਼ਿਆਰਪੁਰ), ਦੋਸ਼ ਸੂਚੀ ਸੰਬੰਧਤ ਕਰਮਚਾਰੀ ਨੂੰ ਸਰਵ ਕਰਵਾ ਕਿ ਰਿਪੋਰਟ ਇਸ ਦਫਤਰ ਨੂੰ ਭੇਜਣਗੇ।

(ਲਲਿਤ ਕਿਸ਼ੋਰ)
ਸਹਾਇਕ ਡਾਇਰੈਕਟਰ (ਸ:ਪ੍ਰ: 3)

-70-

**ਦੋਸ਼ ਸੂਚੀ**

ਸ਼੍ਰੀਮਤੀ ਸ਼ਵੇਤਾ ਕੁਮਾਰੀ, ਸਸ ਮਿਸਟ੍ਰੈਸ, ਸਮਿਸ(ਕੰ) ਤਲਵਾੜਾ ਕੰਪ: ਸਸਸਸ ਤਲਵਾੜਾ-3 (ਹੁਸ਼ਿਆਰਪੁਰ) ਵਿਰੁੱਧ ਦੋਸ਼ ਹੈ ਕਿ:

1. ਉਸਨੇ ਸਰਕਾਰੀ ਨੌਕਰੀ ਵਿੱਚ ਰਹਿੰਦੇ ਹੋਏ ਬਿਨ੍ਹਾ ਵਿਭਾਗ ਦੀ ਪ੍ਰਵਾਨਗੀ ਲਏ ਕਨੇਡਾ ਦਾ ਇਮੀਗ੍ਰੰਟ ਵੀਜਾ ਪ੍ਰਾਪਤ ਕੀਤਾ ਹੋਇਆ ਹੈ ਅਤੇ ਇਹ ਤੱਥ ਉਸਨੇ ਵਿਭਾਗ ਤੋਂ ਛੁਪਾ ਕੇ ਰੱਖੇ ।
2. ਆਪ ਆਪਣੀ ਡਿਊਟੀ ਤੋਂ ਮਿਤੀ 3.11.2014 ਤੋਂ ਅਣਅਧਿਕਾਰਤ ਤੌਰ ਤੇ ਲਗਾਤਾਰ ਗੈਰਹਾਜਰ ਹੋ ਅਤੇ ਬਿਨਾਂ ਵਿਭਾਗ ਤੋਂ ਪ੍ਰਵਾਨਗੀ ਲਏ ਵਿਦੇਸ਼ ਗਏ ਹੋ ।

ਇਸ ਤਰ੍ਹਾਂ ਕਰਕੇ ਦੋਸ਼ੀ ਕਰਮਚਾਰਨ ਨੇ ਆਪਣੇ ਆਪ ਨੂੰ ਪੰਜਾਬ ਸਿਵਲ ਸੇਵਾ (ਸਜਾ ਅਤੇ ਅਪੀਲ) ਨਿਯਮਾਵਲੀ, 1970 ਦੀ ਧਾਰਾ 8 ਅਧੀਨ ਮੇਜਰ ਸਜਾ ਦਾ ਭਾਗੀ ਬਣਾਇਆ ਹੈ।

(ਲਲਿਤ ਕਿਸ਼ੋਰ)
ਸਹਾਇਕ ਡਾਇਰੈਕਟਰ (ਸ:ਪ੍ਰ:3 )

-71-

<u>ਦੋਸ਼ ਵਿਵਰਣ</u>

ਸ਼੍ਰੀਮਤੀ ਸ਼ਵੇਤਾ ਕੁਮਾਰੀ, ਸਸ ਮਿਸਟ੍ਰੈਸ, ਸਮਿਸ(ਕੰ) ਤਲਵਾੜਾ ਕੰਪ: ਸਸਸਸ ਤਲਵਾੜਾ-3 (ਹੁਸ਼ਿਆਰਪੁਰ) ਵਿਰੁੱਧ ਦੋਸ਼ ਹੈ ਕਿ:

1. ਉਸਨੇ ਸਰਕਾਰੀ ਨੌਕਰੀ ਵਿੱਚ ਰਹਿੰਦੇ ਹੋਏ ਬਿਨ੍ਹਾ ਵਿਭਾਗ ਦੀ ਪ੍ਰਵਾਨਗੀ ਲਏ ਕਨੇਡਾ ਦਾ ਇਮੀਗ੍ਰੰਟ ਵੀਜਾ ਪ੍ਰਾਪਤ ਕੀਤਾ ਹੋਇਆ ਹੈ ਅਤੇ ਇਹ ਤੱਥ ਉਸਨੇ ਵਿਭਾਗ ਤੋਂ ਛੁਪਾ ਕੇ ਰੱਖੇ ।
2. ਆਪ ਆਪਣੀ ਡਿਊਟੀ ਤੋਂ ਮਿਤੀ 3.11.2014 ਤੋਂ ਅਣਅਧਿਕਾਰੰਤ ਤੌਰ ਤੇ ਲਗਾਤਾਰ ਗੈਰਹਾਜਰ ਹੋ ਅਤੇ ਬਿਨਾਂ ਵਿਭਾਗ ਤੋਂ ਪ੍ਰਵਾਨਗੀ ਲਏ ਵਿਦੇਸ਼ ਗਏ ਹੋ ।

ਪੰਜਾਬ ਸਰਕਾਰ ਪ੍ਰਸੋਨਲ ਵਿਭਾਗ ਦੇ ਪੱਤਰ 12/120/05-2ਪੀ.ਪੀ2/2827 ਮਿਤੀ 01-03-2006 ਅਧੀਨ ਕਿਸੇ ਵੀ ਸਰਕਾਰੀ ਕਰਮਚਾਰਨ ਨੂੰ ਕਿਸ ਹੋਰ ਦੇਸ ਦੀ ਇੰਮੀਗ੍ਰੇਸਨ ਲਈ. ਐਨ.ਓ. ਸੀ. ਜਾਰੀ ਨਹੀ ਕੀਤਾ ਜਾਣਾ ਹੈ ਦੋਸੀ ਕਰਮਚਾਰੀ ਨੇ ਅਰਮੀਕਾ ਦੇਸ਼ ਦਾ ਇੰਮੀਗਰੈਂਟ ਪ੍ਰਾਪਤ ਹੋਣ ਸਬੰਧੀ ਤੱਥ ਵਿਭਾਗ ਤੋਂ ਛੁਪਾ ਕੇ ਰੱਖੇ ।

ਦੋਸ਼ੀ ਕਰਮਚਾਰਨ ਦਾ ਇਹ ਕੰਡਕਟ ਇੱਕ ਅਧਿਆਪਕ ਹੋਣ ਦੇ ਨਾਤੇ ਹੋਰ ਵੀ ਖਰਾਬ ਅਤੇ ਨਿੰਦਣਯੋਗ ਹੈ। ਅਜਿਹਾ ਕਰਕੇ ਦੋਸੀ ਨੇ ਆਪਣੇ ਆਪ ਨੂੰ ਪੰਜਾਬ ਸਿਵਲ ਸੇਵਾ (ਸਜਾ ਅਤੇ ਅਪੀਲ) ਨਿਯਮਾਵਲੀ, 1970 ਦੀ ਧਾਰਾ 8 ਅਧੀਨ ਮੇਜਰ ਸਜਾ ਦਾ ਭਾਗੀ ਬਣਾਇਆ ਹੈ।

(ਲਲਿਤ ਕਿਸ਼ੋਰ)
ਸਹਾਇਕ ਡਾਇਰੈਕਟਰ (ਸ:ਪ੍ਰ:3 )

<u>ਦਸਤਾਵੇਜਾਂ ਦੀ ਸੂਚੀ</u>

1. ਕਰਮਚਾਰੀ ਦੀ ਪਾਸਪੋਰਟ ਦੀ ਕਾਪੀ।

2. ਜਿਲ੍ਹਾ ਸਿੱਖਿਆ ਅਫਸਰ(ਸ) ਹੁਸ਼ਿਆਰਪੁਰ ਦਾ ਸੰਬੰਧਤ ਰਿਕਾਰਡ।

(ਲਲਿਤ ਕਿਸ਼ੋਰ)
ਸਹਾਇਕ ਡਾਇਰੈਕਟਰ (ਸ:ਪ੍ਰ: 3)

<u>ਗਵਾਹਾਂ ਦੀ ਸੂਚੀ</u>

1. ਸੁਪਰਡੰਟ ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈਸਿ) ਹੁਸ਼ਿਆਰਪੁਰ ।

2. ਸੰਬੰਧਤ ਸਕੂਲ ਕਲਰਕ, ਸਮਿਸ(ਕੰ) ਤਲਵਾੜਾ ਕੰਪ: ਸਸਸਸ ਤਲਵਾੜਾ-3 (ਹੁਸ਼ਿਆਰਪੁਰ) ।

(ਲਲਿਤ ਕਿਸ਼ੋਰ)
ਸਹਾਇਕ ਡਾਇਰੈਕਟਰ (ਸ:ਪ੍ਰ:3 )